# ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਸਾਲ 2015-16 ਦੀ ਪ੍ਰਬੰਧਕੀ ਰਿਪੋਰਟ

ਪੰਜਾਬ ਰਾਜ ਮਹਿਲਾ ਕਮਿਸ਼ਨ ਦਾ ਮੁੜ ਗਠਨ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ:2/31/91-2(ਸਭ)1728, ਮਿਤੀ 19-5-1998 ਰਾਹੀਂ ਹੋਇਆ ਸੀ। ਇਸ ਉਪਰੰਤ ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪੰਜਾਬ ਰਾਜ ਮਹਿਲਾ ਕਮਿਸ਼ਨ ਵਲੋ ਔਰਤਾਂ ਨੂੰ ਇਨਸਾਫ ਦਿਵਾਉਣ ਲਈ ਕੰਮ ਕੀਤਾ ਗਿਆ। ਇਸ ਤੋਂ ਬਾਅਦ ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਕ ਮਾਮਲੇ ਵਿਭਾਗ ਵਲੋਂ ਜਾਰੀ ਅਧਿਸੂਚਨਾ 19 ਅਪਰੈਲ,2001 ਨੂੰ "**ਔਰਤਾਂ ਲਈ ਪੰਜਾਬ ਰਾਜ ਮਹਿਲਾ ਐਕਟ-2001**" (2001 ਦਾ ਪੰਜਾਬ ਐਕਟ ਨੰਬਰ 4) ਬਿਲ ਐਕਟ ਪੰਜਾਬ ਰਾਜ ਵਿੱਚ ਔਰਤਾਂ ਦੇ ਰੁਤਬੇ ਵਿੱਚ ਸੁਧਾਰ ਕਰਨ ਲਈ ਅਤੇ ਔਰਤਾਂ ਤੇ ਪ੍ਰਭਾਵ ਪਾਉਣ ਵਾਲੇ ਅਨੁਚਿਤ ਵਰਤਾਰਿਆਂ ਨੂੰ ਦੇਖਣ ਲਈ ਅਤੇ ਉਸ ਨਾਲ ਸਬੰਧਤ ਜਾਂ ਸੰਜੋਗੀ ਮਾਮਲਿਆਂ ਲਈ ਔਰਤਾਂ ਲਈ ਰਾਜ ਕਮਿਸ਼ਨ ਦੀ ਸਿਰਜਨਾ ਦਾ ਉਪਬੰਧ ਕੀਤਾ ਗਿਆ। ਭਾਰਤੀ ਗਣਰਾਜ ਦੇ 52ਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰ ਇਸ ਐਕਟ ਨੂੰ ਔਰਤਾਂ ਲਈ ਪੰਜਾਬ ਰਾਜ ਕਮਿਸ਼ਨ ਐਕਟ-2001 ਅਧਿਸੂਚਨਾ ਦੀ ਮਿਤੀ 19.4.2001 ਤੋਂ ਤੁਰੰਤ ਲਾਗੂ ਹੋਇਆ।ਪੰਜਾਬ ਰਾਜ ਮਹਿਲਾ ਕਮਿਸ਼ਨ ਪੰਜਾਬ ਰਾਜ ਦੀਆਂ ਔਰਤਾਂ ਦੇ ਹੱਕਾਂ ਦੀ ਰਾਖੀ, ਉਨ੍ਹਾਂ ਦਾ ਸਤਰ ਉੱਚਾ ਚੁੱਕਣ, ਔਰਤਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਅਤੇ ਇਨਸਾਫ ਦਿਵਾਉਣ ਲਈ ਕੰਮ ਕਰ ਰਿਹਾ ਹੈ।

ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਚੰਡੀਗੜ੍ਹ ਜੀ ਦੀ ਨੋਟੀਫਿਕੇਸ਼ਨ ਨੰ:2/31/1991-6ਸਸ(1ਸਸ)/33, ਮਿਤੀ 9-1-2013 ਅਨੁਸਾਰ ਤਿੰਨ ਸਾਲਾਂ ਲਈ ਮਿਸ ਪਰਮਜੀਤ ਕੌਰ, ਚੇਅਰਪਰਸਨ, ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਨਿਯੁਕਤ ਹੋਈ, ਜਿਨ੍ਹਾਂ ਵੱਲੋਂ ਮਿਤੀ 14-1-2013 ਨੂੰ ਬਤੌਰ ਚੇਅਰਪਰਸਨ,ਪੰਜਾਬ ਰਾਜ ਮਹਿਲਾ ਕਮਿਸ਼ਨ ਦਾ ਪਦਭਾਰ ਸੰਭਾਲਿਆਂ ਗਿਆ ਸੀ ਅਤੇ ਪੰਜਾਬ ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਨੰ:2/31/1991-6ਸਸ(1ਸਸ)/202/1, ਮਿਤੀ 2-2-2016 ਅਨੁਸਾਰ ਮੁੜ ਤਿੰਨ ਸਾਲਾਂ ਲਈ ਮਿਸ ਪਰਮਜੀਤ ਕੌਰ, ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਸਮੇਂ ਵਿੱਚ ਤਿੰਨ ਸਾਲਾਂ ਦਾ ਵਾਧਾ ਕੀਤਾ ਗਿਆ ਹੈ।ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ. ਨੰ:2/31/1991-6ਸਸ(1ਸਸ)/339044/1, ਮਿਤੀ 5-11-14 ਅਨੁਸਾਰ ਅਗਲੇ ਹੁਕਮਾਂ ਤੱਕ ਸ੍ਰੀਮਤੀ ਸਤਵੀਰ ਕੌਰ ਮਨਹੇੜਾ ਜੀ ਨੂੰ ਬਤੌਰ ਉੱਪ ਚੇਅਰਪਰਸਨ, ਪੰਜਾਬ ਰਾਜ ਮਹਿਲਾ ਕਮਿਸ਼ਨ ਨਿਯੁਕਤ ਕੀਤਾ ਗਿਆ, ਜਿਨ੍ਹਾਂ ਵਲੋ ਮਿਤੀ 19-1-2014 ਨੂੰ ਪਦਭਾਰ ਸੰਭਲਿਆ ਗਿਆ। ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰ. ਨੰ:2/31/1991-6ਸਸ(1ਸਸ)/33, ਮਿਤੀ 9-1-2013 ਅਨੁਸਾਰ ਤਿੰਨ ਸਾਲਾਂ ਲਈ ਸ੍ਰੀਮਤੀ ਵੀਰਪਾਲ ਕੌਰ ਤਰਮਾਲਾ ਨੂੰ ਬਤੌਰ ਗੈਰ ਸਰਕਾਰੀ ਮੈਂਬਰ ਨਿਯੁਕਤ ਕੀਤਾ ਗਿਆ, ਜਿਨ੍ਹਾਂ ਵੱਲੋਂ ਮਿਤੀ 8-2-2013 ਜੁਆਇਨ ਕੀਤਾ ਗਿਆ ਹੁਣ ਪੰਜਾਬ ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਨੰ:2/31/1991-6ਸਸ(1ਸਸ)/654800/12, ਮਿਤੀ 29-12-15 ਅਨੁਸਾਰ ਮੁੜ ਤਿੰਨ ਸਾਲਾਂ ਲਈ ਵਾਧਾ ਕੀਤਾ ਗਿਆ ਹੈ। ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰ. ਨੰ:2/31/1991-6ਸਸ(1ਸਸ)/172253/1, ਮਿਤੀ 28-2-14 ਅਨੁਸਾਰ ਤਿੰਨ ਸਾਲਾਂ ਲਈ ਸ੍ਰੀਮਤੀ ਸਤਵੰਤ ਕੌਰ ਜੌਹਲ ਜੀ ਵਲੋਂ ਬਤੌਰ ਗੈਰ ਸਰਕਾਰੀ ਮੈਂਬਰ ਮਿਤੀ 4-3-2014 ਅਤੇ ਸ੍ਰੀਮਤੀ ਸਿਮਰਜੀਤ ਕੌਰ ਸਿੱਧੂ ਜੀ ਵਲੋਂ ਬਤੌਰ ਗੈਰ ਸਰਕਾਰੀ ਮੈਂਬਰ ਵੱਲੋਂ ਮਿਤੀ 5-3-2014 ਨੂੰ ਜੁਆਇਨ ਕੀਤਾ ਗਿਆ।

ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ ਹਨ। "ਔਰਤਾਂ ਲਈ ਪੰਜਾਬ ਰਾਜ ਕਮਿਸ਼ਨ ਐਕਟ-2001" ਦੇ ਪੈਰਾ 3(ਹ) ਅਨੁਸਾਰ ਇਕ ਮੈਂਬਰ ਸਕੱਤਰ ਜਿਨ੍ਹਾਂ ਦੀ ਨਿਯੁਕਤੀ ਸਰਕਾਰ ਕੁਆਰਾ ਕੀਤੀ ਜਾਵੇਗੀ ਭਾਰਤੀ ਪ੍ਰਸ਼ਾਸਕੀ ਸੇਵਾ ਜਾਂ ਪੰਜਾਬ ਸਿਵਲ ਸੇਵਾ ਜਾਂ ਪੰਜਾਬ ਸਿਵਲ ਸੇਵਾ ਦੀਆਂ ਔਰਤ ਅਫਸਰਾਂ ਵਿਚੋਂ ਹੋਵੇਗੀ ਜ਼ੋ ਰਾਜ ਸਰਕਾਰ ਦੇ ਸੰਯੁਕਤ ਸਕੱਤਰ ਦੀ ਪਦਵੀ ਤੋਂ ਘੱਟ ਨਾ ਹੋਵੇ।

"ਔਰਤਾਂ ਲਈ ਪੰਜਾਬ ਮਹਿਲਾ ਐਕਟ-2001" ਤਹਿਤ ਪੀੜਤ ਔਰਤਾਂ ਦੇ ਕੇਸਾਂ ਤੇ ਕਾਰਵਾਈ ਕਰਦਿਆਂ ਹੋਇਆਂ ਸਾਲ 2015-16 ਦੌਰਾਨ ਪੰਜਾਬ ਰਾਜ ਮਹਿਲਾ ਕਮਿਸ਼ਨ ਵਲੋਂ ਹੇਠ ਅਨੁਸਾਰ ਕੇਸ ਸੈਟਲ / ਕਾਰਵਾਈ ਕੀਤੀ ਗਈ। ਸਾਲ 2015-16 ਦੌਰਾਨ ਪੀੜਤ ਔਰਤਾਂ ਦੀਆਂ 1507 ਸ਼ਕਾਇਤਾਂ ਪ੍ਰਾਪਤ ਹੋਈਆਂ ਹਨ ਅਤੇ ਇਨ੍ਹਾਂ ਸ਼ਕਾਇਤਾਂ ਤੋਂ ਇਲਾਵਾ 2118 ਹੋਰ ਪੱਤਰ ਪ੍ਰਾਪਤ ਹੋਏ ਅਤੇ 4331 ਪੱਤਰ ਜਾਰੀ ਕੀਤੇ ਗਏ

| ਲੜੀ ਨੰ: | ਵੇਰਵਾ | ਪਿਛਲੇ ਸਾਲ ਦੇ ਬਕਾਇਆ ਕੇਸ | ਮੌਜੂਦਾ ਸਾਲ ਦੌਰਾਨ ਪ੍ਰਾਪਤ ਕੇਸ | ਕੁੱਲ ਕੇਸ | ਸੈਟਲ ਕੇਸ | ਕਾਰਵਾਈ ਅਧੀਨ ਕੇਸ |
|---|---|---|---|---|---|---|
| 1 | ਦਹੇਜ | 296 | 158 | 454 | 169 | 285 |
| 2 | ਬਲਾਤਕਾਰ | 1 | 18 | 19 | 19 | --- |
| 3 | ਜਾਇਦਾਦ | -- | 59 | 59 | 56 | 3 |
| 4 | ਘਰੇਲੂ ਝਗੜੇ | 399 | 524 | 923 | 356 | 567 |
| 5 | ਨਜਾਇਜ਼ ਸਬੰਧ | -- | 2 | 3 | 2 | -- |
| 6 | ਸੈਕਸੂਅਲ ਹਰਾਸਮੈਂਟ | 175 | 43 | 218 | 38 | 180 |
| 7 | ਮਰਡਰ | 1 | 2 | 2 | 3 | - |
| 8 | ਪੁਲਿਸ ਅਧਿਕਾਰੀਆਂ/ ਕਰਮਚਾਰੀਆਂ ਵਿਰੁੱਧ ਪ੍ਰਾਪਤ ਹੋਈਆਂ ਸ਼ਕਾਇਤਾਂ | 6 | 23 | 29 | 15 | 14 |
| 9 | ਐਨ.ਆਰ.ਆਈ. ਵੱਲੋਂ ਤੰਗ ਪ੍ਰੇਸ਼ਾਨ | 4 | - | 4 | 4 | - |
| 10 | ਐਨ.ਸੀ.ਡਬਲਯੂ. ਵੱਲੋਂ ਪ੍ਰਾਪਤ ਸ਼ਕਾਇਤਾਂ | 8 | - | 8 | - | 8 |
| 11 | ਪੁਰਸ਼ਾਂ ਵੱਲੋਂ ਪ੍ਰਾਪਤ ਸ਼ਕਾਇਤਾਂ | - | 32 | 32 | 25 | 7 |
| 12 | ਫੁਟਕਲ | 875 | 646 | 1521 | 426 | 1095 |
| | ਕੁੱਲ ਕੇਸ : | 1765 | 1507 | 3272 | 1113 | 2159 |

ਪੰਜਾਬ ਰਾਜ ਮਹਿਲਾ ਕਮਿਸ਼ਨ ਵਿਖੇ ਹੇਠ ਅਨੁਸਾਰ ਪ੍ਰਵਾਨਤ/ਭਰੀਆਂ/ਖਾਲੀ ਆਸਾਮੀਆਂ ਦਾ ਵੇਰਵਾ:-

| ਲੜ੍ਹੀ ਨੰ. | ਆਸਾਮੀ ਦਾ ਨਾਂ | ਗਿਣਤੀ | ਭਰੀਆਂ | ਖਾਲੀ |
|---|---|---|---|---|
| 1 | ਚੇਅਰਪਰਸਨ | 1 | 1 | - |
| 2 | ਉਪ ਚੇਅਰਪਰਸਨ | 1 | 1 | - |
| 2 | ਗੈਰ ਸਰਕਾਰੀ ਮੈਂਬਰਜ਼ | 5 | 3 | 2 |
| 3 | ਮੈਂਬਰ ਸਕੱਤਰ | 1 | -- | 1 |
| 4 | ਸੁਪਰਡੈਂਟ(ਗਰੇਡ-1) | 1 | 1 | |
| 5 | ਸੀਨੀਅਰ ਸਹਾਇਕ | 2 | 1 | 1 |
| 6 | ਨਿੱਜੀ ਸਹਾਇਕ | 1 | 1 | - |
| 7 | ਸੀ.ਸ.ਸਟੈਨੋਗਰਾਫਰ | 1 | 1 | |
| 8 | ਕਲੱਰਕ-ਕਮ-ਟਾਈਪਿਸਟ | 1 | 1 | - |

ਕੀਤਾ ਜਾ ਰਿਹਾ ਹੈ। ਮਹਿਲਾ ਕਮਿਸ਼ਨ ਦਾ ਫਰਵਰੀ/2016 ਤੱਕ ਦਾ ਆਡਿਟ ਹੋ ਚੁੱਕਾ ਹੈ ਅਤੇ ਆਡਿਟ ਰਿਪੋਰਟ ਦੀ ਕਾਪੀ ਪ੍ਰਬੰਧਕੀ ਰਿਪੋਰਟ ਦੇ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ। ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ,ਪੰਜਾਬ,ਚੰਡੀਗੜ੍ਹ ਵਲੋਂ "2235-ਸਮਾਜਿਕ ਸੁਰੱਖਿਆ ਤੇ ਭਲਾਈ -02-ਸਮਾਜ ਭਲਾਈ-103- ਇਸਤਰੀਆਂ ਦੀ ਭਲਾਈ -05-ਇਸਤਰੀਆਂ ਲਈ ਪੰਜਾਬ ਰਾਜ ਕਮਿਸ਼ਨ ਦੀ ਸਥਾਪਨਾ 05 ਸੈਟਿੰਗ ਅਪ ਆਫ ਪੰਜਾਬ ਸਟੇਟ ਕਮਿਸ਼ਨ ਫਾਰ ਵੂਮੈਨ ਤਹਿਤ ਹਰ ਸਾਲ ਬਜੱਟ ਅਲਾਟ ਹੁੰਦਾ ਹੈ। ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਪ੍ਰਬੰਧਕੀ ਮਾਮਲਿਆਂ ਅਤੇ ਵਿੱਤੀ ਪ੍ਰਵਾਨਗੀ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ,ਪੰਜਾਬ,ਚੰਡੀਗੜ੍ਹ ਵਲੋਂ ਆਦੇਸ਼ ਜਾਰੀ ਹੁੰਦੇ ਹਨ। ਸਾਲ 2015-16 ਦਾ ਪ੍ਰਾਪਤ ਬਜੱਟ ਅਤੇ ਖਰਚਾ ਹੇਠ ਦਰਸਾਇਆ ਗਿਆ ਹੈ।

| ਸਾਲ | ਬਜਟ | ਖਰਚਾ |
|---|---|---|
| 2015-16 | 70,56,000/- | 63,32,615/- |

ਪੰਜਾਬ ਰਾਜ ਦੇ ਵੱਖ-ਵੱਖ ਥਾਵਾਂ ਤੋਂ ਔਰਤਾਂ ਵੱਲੋਂ ਪੰਜਾਬ ਰਾਜ ਮਹਿਲਾ ਕਮਿਸ਼ਨ ਵਿਖੇ ਨਿੱਜੀ ਪੱਧਰ ਤੇ ਆ ਕੇ ਅਤੇ ਡਾਕ ਰਾਂਹੀਂ ਸ਼ਕਾਇਤਾਂ ਭੇਜ਼ ਕੇ ਇਨਸਾਫ ਦੀ ਮੰਗ ਕੀਤੀ ਜਾਂਦੀ ਹੈ। ਪੰਜਾਬ ਰਾਜ ਮਹਿਲਾ ਕਮਿਸ਼ਨ ਵਲੋਂ ਇਨ੍ਹਾਂ ਸ਼ਕਾਹਿਤਾਂ ਤੇ "ਔਰਤਾਂ ਲਈ ਪੰਜਾਬ ਰਾਜ ਕਮਿਸ਼ਨ ਐਕਟ-2001" ਤਹਿਤ ਕਾਰਵਾਈ ਕਰਦਿਆਂ ਹੋਇਆ ਚੇਅਰਪਰਸਨ, ਪੰਜਾਬ ਰਾਜ ਮਹਿਲਾ ਕਮਿਸ਼ਨ ਜੀ ਦੇ ਆਦੇਸ਼ਾਂ ਅਨੁਸਾਰ ਔਰਤਾਂ ਦੇ ਕੇਸਾਂ ਤੇ ਪੰਜਾਬ ਪੁਲਿਸ ਹੈਡ ਕੁਆਟਰ, ਚੰਡੀਗੜ੍ਹ ਦੇ ਉਚ ਪੁਲਿਸ ਅਧਿਕਾਰੀ, ਪੁਲਿਸ ਕਮਿਸ਼ਨਰਜ਼ / ਸੀਨੀਅਰ ਪੁਲਿਸ ਕਪਤਾਨਾਂ ਜੀ ਨੂੰ ਅਤੇ ਪ੍ਰਾਪਰਟੀ ਸਬੰਧੀ ਕੇਸਾਂ ਦੀ ਪੜ੍ਹਤਾਲ / ਕਾਰਵਾਈ ਲਈ ਸਬੰਧਤ ਡਿਪਟੀ ਕਮਿਸ਼ਨਰ ਨੂੰ ਭੇਜੀਆਂ ਗਈਆਂ।ਔਰਤਾਂ ਵਲੋਂ ਭੇਜੀਆਂ ਗਈਆਂ ਸ਼ਕਾਇਤਾਂ ਦੀ ਨਿੱਜੀ ਸੁਣਵਾਈ ਚੇਅਰਪਰਸਨ, ਉਪ-ਚੇਅਰਪਰਸਨ ਅਤੇ ਸਮੂਹ ਗੈਰ ਸਰਕਾਰੀ ਮੈਂਬਰਾਂ ਵਲੋਂ ਸ਼ਕਾਇਤਕਰਤਾ ਅਤੇ ਵਿਰੋਧੀ ਪਾਰਟੀਆਂ ਨੂੰ ਆਹਮਣੇ-ਸਾਹਮਣੇ ਸੁਣਵਾਈ ਕਰਨ ਉਪਰੰਤ ਆਪਸੀ ਸਹਿਮਤੀ ਨਾਲ ਸਮਝੌਤਾ ਕਰਵਾਉਣ ਦੀ ਪੂਰੀ ਕੋਸ਼ਿਸ਼ ਕੀਤੀਆਂ ਗਈਆਂ। ਜਿਨ੍ਹਾਂ ਪਾਰਟੀਆਂ ਵਿਚਕਾਰ ਆਪਸੀ ਸਹਿਮਤੀ ਨਹੀਂ ਹੁੰਦੀ ਉਨ੍ਹਾਂ ਸ਼ਕਾਇਤਕਰਤਾ ਵਲੋਂ ਦਿੱਤੀ ਗਈ ਸ਼ਕਾਇਤ ਦੀ ਪੜ੍ਹਤਾਲ/ਕਾਰਵਾਈ ਲਈ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਭੇਜ਼ ਕੇ ਪੜ੍ਹਤਾਲ/ਕਾਰਵਾਈ ਰਿਪੋਰਟ ਪ੍ਰਾਪਤ ਹੋਣ ਉਪਰੰਤ ਮਹਿਲਾ ਕਮਿਸ਼ਨ ਵਲੋਂ ਅਗਲੇਰੀ ਕੀਤੀ ਗਈ। "ਔਰਤਾਂ ਲਈ ਪੰਜਾਬ ਮਹਿਲਾ ਐਕਟ-2001" ਤਹਿਤ ਕਾਰਵਾਈ ਕਰਦਿਆਂ ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਮਿਤੀ 1-4-2015 ਤੋਂ 31-3-2016 ਤੱਕ ਨਿੱਜੀ ਸੁਣਵਾਈ ਲਈ ਪੰਜਾਬ ਰਾਜ ਮਹਿਲਾ ਕਮਿਸ਼ਨ, ਚੰਡੀਗੜ੍ਹ ਵਿਖੇ 45 ਕੋਰਟਾਂ ਲਗਾਈਆਂ ਗਈਆਂ। ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਸਾਲ 2015-16 ਦੌਰਾਨ ਮਿਤੀ 7-5-15, 18.9.15, 24.2.16 ਅਤੇ 4-4-16 ਨੂੰ ਮੀਟਿੰਗਾਂ ਹੋਈਆਂ ਅਤੇ ਇਨ੍ਹਾਂ ਮੀਟਿੰਗਾਂ ਵਿੱਚ ਕਮਿਸ਼ਨ ਦੇ ਸਮੂਹ ਮੈਂਬਰਾਨ ਹਾਜ਼ਰ ਹੋਏ। ਇਨ੍ਹਾਂ ਮੀਟਿੰਗਾਂ ਵਿੱਚ Ex-officio members ਵਜੋਂ ਡਾਇਰੈਕਟਰ ਜਨਰਲ ਆਫ ਪੁਲਿਸ ਪੰਜਾਬ, ਚੰਡੀਗੜ੍ਹ ਅਤੇ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੀ ਤਰਫ ਤੋਂ ਵਿਭਾਗ ਦੇ ਉਚ ਅਧਿਕਾਰੀ ਹਾਜਰ ਹੋਏ। ਇਸ ਮੀਟਿੰਗ ਵਿੱਚ ਔਰਤਾਂ ਨਾਲ ਸਬੰਧਤ ਹਰ ਮੁੱਦੇ ਤੇ ਵਿਚਾਰ ਕਰਨ ਉਪਰੰਤ ਔਰਤਾਂ ਦੇ ਕੇਸਾਂ ਨੂੰ ਪਹਿਲ ਦੇ ਅਧਾਰ ਤੇ ਨਿਪਟਾਉਣ ਬਾਰੇ ਅਧਿਕਾਰੀਆਂ ਨੂੰ ਆਦੇਸ਼

ਚੇਅਰਪਰਸਨ, ਪੰਜਾਬ ਰਾਜ ਮਹਿਲਾ ਕਮਿਸ਼ਨ ਅਤੇ ਮੈਂਬਰਜ, ਮਹਿਲਾ ਕਮਿਸ਼ਨ ਸ੍ਰੀਮਤੀ ਸਿਮਰਜੀਤ ਕੌਰ ਸਿੱਧੂ ਵਲੋਂ ਮਨੁੱਖੀ ਅਧਿਕਾਰ ਮਿਸ਼ਨ, ਐਸ.ਏ.ਐਸ ਨਾਲ ਸੈਂਟਰਲ ਜੇਲ੍ਹ, ਕਪੂਰਥਲਾ ਦਾ ਦੌਰਾ ਕੀਤਾ ਗਿਅ। ਜੇਲ੍ਹ ਅੰਦਰ ਰਹਿ ਰਹੀਆਂ ਔਰਤਾਂ ਨੂੰ ਮਿਲ ਕੇ ਉਨ੍ਹਾਂ ਨੂੰ ਆ ਰਹੀਆਂ ਔਕੜਾਂ ਬਾਰੇ ਅਤੇ ਕਾਨੂੰਨੀ ਸਹਾਇਤਾ ਦੇਣ ਬਾਰੇ ਅਤੇ ਲੋੜੀਂਦੀਆਂ ਹੋਰ ਸਹੂਲਤਾਂ ਬਾਰੇ ਜੇਲ੍ਹ ਅਧਿਕਾਰੀਆਂ ਨਾਲ ਮੌਕੇ ਤੇ ਹੀ ਵਿਚਾਰ- ਵਟਾਂਦਰਾ ਕੀਤਾ ਗਿਆ । ਚੇਅਰਪਰਸਨ ਅਤੇ ਸ੍ਰੀਮਤੀ ਸਿਮਰਜੀਤ ਕੌਰ ਸਿੱਧੂ, ਮੈਂਬਰ ਵਲੋਂ ਗਾਂਧੀ ਵਨਿਤਾ ਆਸ਼ਰਮ, ਜਲੰਧਰ ਦੌਰਾ ਕਰਕੇ ਉਥੇ ਰਹਿ ਰਹੀਆਂ ਲੜਕੀਆਂ ਨਾਲ ਵਿਸਥਾਰ-ਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਨ੍ਹਾਂ ਲੜਕੀਆਂ ਨੂੰ ਭਵਿੱਖ ਵਿੱਚ ਆਮਦਨ ਕਿਵੇਂ ਹੋ ਸਕਦੀ ਹੈ, ਨੂੰ ਮੁੱਖ ਰੱਖ ਕੇ ਹੋਰ ਜਿਆਦਾ ਸਿਖਲਾਈ ਅਤੇ ਸਰਕਾਰ ਤੋਂ ਹੋਰ ਸਹੂਲਤਾਂ ਪ੍ਰਦਾਨ ਕਰਨ ਸਬੰਧੀ ਕਿਹਾ ਗਿਆ।

ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਸਕੂਲ / ਕਾਲਜਾਂ ਦੀਆਂ ਵਿਦਿਆਰਥਣਾਂ ਨੂੰ ਉਨ੍ਹਾਂ ਦੇ ਹੱਕਾਂ ਲਈ ਬਣੇ ਕਾਨੂੰਨਾਂ ਦੀ ਜਾਣਕਾਰੀ ਦੇਣ ਲਈ ਡੀ.ਪੀ.ਆਈ. (ਸਕੂਲਾਂ) ਅਤੇ (ਕਾਲਜਾਂ) ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਡੀ.ਪੀ.ਆਈ(ਸਕੂਲਾਂ) ਅਤੇ (ਕਾਲਜ਼ਾਂ) ਦੇ ਅਧਿਕਾਰੀਆਂ ਨੂੰ ਸਕੂਲ/ਕਾਲਜਾਂ ਵਿੱਚ ਫਕੰਡਸ਼ਨ / ਸੈਮੀਨਾਰ ਕਰਕੇ ਵਿਦਿਆਰਥਣਾਂ ਦੇ ਹੱਕਾਂ ਲਈ ਬਣੇ ਕਾਨੂੰਨਾਂ ਬਾਰੇ ਜਾਗਰੂਕ ਕਰਨ ਬਾਰੇ ਜ਼ੋਰ ਦੇ ਕੇ ਕਿਹਾ ਗਿਆ । ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ,ਪੰਜਾਬ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ, ਇਸ ਮੀਟਿੰਗ ਵਿੱਚ ਔਰਤਾਂ ਦੀ ਭਲਾਈ ਲਈ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਲਾਭ ਸਮੇਂ-ਸਿਰ ਦੇਣ ਬਾਰੇ ਜ਼ੋਰ ਦਿੱਤਾ ਗਿਆ। ਔਰਤਾਂ ਦੀ ਭਲਾਈ ਲਈ ਪੰਜਾਬ ਵਿੱਚ ਕੰਮ ਕਰ ਰਹੀਆਂ ਸਵੈ-ਇੱਛੂਕ ਸੰਸਥਾਵਾਂ ਜ਼ੋ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ,ਪੰਜਾਬ ਤੋਂ ਗਰਾਂਟ ਲੈਂਦੀਆਂ ਹਨ, ਤੇ ਪੂਰੀ ਨਿਗਰਾਨੀ ਰਖਣ ਦੀ ਲੋੜ੍ਹ ਬਾਰੇ ਵੀ ਕਿਹਾ ਗਿਆ ਕਿ ਉਹ ਜਿਸ ਕੰਮ ਲਈ ਗਰਾਂਟ ਲੈਂਦੇ ਹਨ, ਕੀ ਉਸੇ ਹੀ ਕੰਮ ਤੇ ਖਰਚ ਕਰ ਰਹੇ ਹਨ। ਲੇਬਰ ਕਮਿਸ਼ਨਰ,ਪੰਜਾਬ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਅਧਿਕਾਰੀਆਂ ਨੂੰ ਕਮਿਸ਼ਨ ਵਲੋਂ ਕਿਹਾ ਗਿਆ ਕਿ ਫੈਕਟਰੀਆਂ ਅਤੇ ਕਾਰਖਾਨਿਆਂ ਵਿੱਚ ਕੰਮ ਕਰਦੀਆਂ ਔਰਤਾਂ ਨਾਲ ਕੋਈ ਤੰਗ ਪਰੇਸ਼ਾਨ ਜਾਂ ਸ਼ਰੀਰਿਕ ਸ਼ੋਸ਼ਣ ਨਾ ਹੋਵੇ ਇਸ ਬਾਰੇ ਵਿਭਾਗ ਵਲੋਂ ਚੈਕ ਰਖਣ ਦੀ ਸ਼ਖਤ ਲੋੜ੍ਹ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ,ਪੰਜਾਬ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਪੇਂਡੂ ਇਲਾਕਿਆਂ ਦੀਆਂ ਔਰਤਾਂ ਨੂੰ ਵਿਭਾਗ ਵਲੋਂ ਦਿੱਤੀ ਜਾਣ ਵਾਲੀਆਂ ਸਹੂਲਤਾਂ ਬਾਰੇ ਵਿਚਾਰ ਕੀਤਾ ਅਤੇ ਕਿਹਾ ਗਿਆ ਕਿ ਪੇਂਡੂ ਔਰਤਾਂ ਨੂੰ ਹਰ ਉਹ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ, ਜ਼ੋ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਰਾਂਹੀਂ ਸਰਕਾਰ ਵਲੋਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਕੰਮਾਂ ਤੋਂ ਇਲਾਵਾ ਚੇਅਰਪਰਸਨ, ਪੰਜਾਬ ਰਾਜ ਮਹਿਲਾ ਕਮਿਸ਼ਨ ਵਲੋਂ ਸਰਕਾਰੀ ਗਰਲਜ਼ ਕਾਲਜ਼, ਜਗਰਾਉਂ ਵਿਖੇ ਸੈਮੀਨਾਰ ਅਟੈਂਡ ਲੜ੍ਹਕੀਆਂ ਨੂੰ ਜਾਗਰੂਕ ਕੀਤਾ ਗਿਆ ਅਤੇ ਮੁਸ਼ਕਲ ਆਉਣ ਤੋਂ ਉਹ ਆਪਣਾ ਬਚਾਓ ਕਿਵੇਂ ਕਰ ਸਕਦੀਆਂ ਇਸ ਬਾਰੇ ਵੀ ਉਨ੍ਹਾਂ ਨੂੰ ਦੱਸਿਆ ਗਿਆ। ਚੰਡੀਗੜ੍ਹ ਗਰੁਪ ਆਫ ਕਾਲਜ਼, ਲਾਂਡਰਾਂ ਅਤੇ ਚੰਡੀਗੜ੍ਹ ਯੁਨੀਵਰਸਿਟੀ, ਘੜੂੰਆ ਵਲੋਂ ਵੀ ਵੁਮੇਨ ਡੇ ਤੇ ਕਰਵਾਏ ਗਏ ਸੈਮੀਨਾਰ ਵੀ ਅਡੈਂਟ ਕਰਕੇ ਵਿਦਿਆਰਥਣਾਂ ਨੂੰ ਜਾਗਰੂਕ ਕੀਤਾ ਗਿਆ। Patiala Institute of Engineering and Technology for Women, Patiala ਵਲੋ ਆਪਣੇ ਏਰੀਆਂ ਦੇ ਪ੍ਰਾਈਵੇਟ ਸਕੂਲਾਂ / ਕਾਲਜਾਂ ਦਾ ਇਕੱਠ ਕਰਕੇ ਸਾਂਝੇ ਤੌਰ ਤੇ ਸੈਮੀਨਾਰ ਕਰਵਾਇਆ ਗਿਆ,ਜਿਸ ਵਿੱਚ ਜ਼ਿਲਾ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਵਲੋਂ ਭਾਗ ਲਿਆ ਗਿਆ। ਇਸ ਸੈਮੀਨਾਰ ਵਿੱਚ ਚੇਅਰਪਰਸਨ ਜੀ ਨੂੰ ਭਾਗ ਲੈ

ਸਾਂਝੇ ਤੌਰ ਤੇ ਪੰਜਾਬ ਰਾਜ ਦੇ ਬਾਰਡਰ ਏਰੀਆ ਜ਼ਿਲਾ ਪਠਾਨਕੋਟ ਦੇ ਨਰੋਟ ਜੈਮਲ ਸਿੰਘ, ਜ਼ਿਲਾ ਗੁਰਦਾਸਪੁਰ ਦੇ ਬਾਬਾ ਬਕਾਲਾ, ਜ਼ਿਲਾ ਅੰਮ੍ਰਿਤਸਰ ਦੇ ਰਾਮਦਾਸ, ਜ਼ਿਲਾ ਤਰਨਤਾਰਨ ਦੇ ਖੇਮਕਰਨ, ਜ਼ਿਲਾ ਫਿਰੋਜ਼ਪੁਰ ਦੇ Barakee(ਹੁਸੈਨੀਵਾਲਾ), ਜ਼ਿਲਾ ਫਾਜ਼ਿਲਕਾ ਦੇ Seeto Guno ਤਹਿ.ਅਬੋਹਰ)ਥਾਵਾਂ ਤੇ ਕੈਂਪ ਲਗਾ ਕੇ ਔਰਤਾਂ ਨੂੰ ਜਾਗਰੂਕ ਕਰਨ ਲਈ ਸਪੈਸ਼ਲ ਮੂਹਿੰਮ ਚਲਾਈ ਗਈ। ਇਸ ਮੁਹਿੰਮ ਵਿੱਚ ਪੰਜਾਬ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਔਰਤਾਂ ਦੀ ਭਲਾਈ ਸਬੰਧੀ ਸਕੀਮਾਂ, ਔਰਤਾਂ ਨੂੰ ਪੁਲਿਸ ਵਿਭਾਗ ਵਲੋਂ ਇਨਸਾਫ ਦੇਣ ਅਤੇ ਜ਼ਿਲਾ ਪ੍ਰਸ਼ਾਸਨ ਵਲੋਂ ਦਿੱਤੀ ਜਾਣ ਵਾਲੀਆਂ ਸਹੂਲਤਾਂ ਸਬੰਧੀ ਜ਼ਿਲਾ ਪ੍ਰਸ਼ਾਸ਼ਨ ਦੇ ਉਚ ਅਧਿਕਾਰੀ, ਪੁਲਿਸ ਵਿਭਾਗ ਅਤੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਦੇ ਫੀਲਡ ਅਧਿਕਾਰੀ ਪ੍ਰੋਟੈਕਸ਼ਨ ਅਫਸਰ-ਬਾਲ ਵਿਕਾਸ ਪ੍ਰੋਜੈਕਟ ਅਫਸਰ, ਜ਼ਿਲਾ ਸਮਾਜਿਕ ਸੁਰੱਖਿਆ ਅਫਸਰ ਅਤੇ ਹੋਰ ਸਬੰਧਤ ਅਧਿਕਾਰੀਆਂ ਨਾਲ ਸਾਂਝੇ ਤੌਰ ਤੇ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ, ਉਪ-ਚੇਅਰਪਰਸਨ, ਸਮੂਹ ਗੈਰ ਸਰਕਾਰੀ ਮੈਂਬਰਾਂ ਵਲੋਂ ਭਾਗ ਲੈ ਕੇ ਬਾਰਡਰ ਏਰੀਆਂ ਦੀਆਂ ਔਰਤਾਂ ਨੂੰ ਔਰਤਾਂ ਨੂੰ ਜਾਗਰੂਕ ਕੀਤਾ ਅਤੇ ਉਨ੍ਹਾਂ ਨੂੰ ਆ ਰਹੀਆਂ ਔਕੜ੍ਹਾਂ ਦਾ ਮੌਕੇ ਤੇ ਹਾਜ਼ਰ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਲਈ ਆਦੇਸ਼ ਦਿੱਤੇ। ਜਿਲ੍ਹਾ ਪ੍ਰਸ਼ਾਸ਼ਨ ਦੀ ਮਦਦ ਨਾਲ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਰਾਹੀਂ ਪ੍ਰੈਸ ਕਾਨਫਰੰਸ ਕਰਕੇ ਆਮ ਜਨਤਾ ਨੂੰ ਔਰਤਾਂ ਦੇ ਹਿੱਤਾਂ ਲਈ ਬਣਾਈ ਗਈਆਂ ਭਲਾਈ ਸਕੀਮਾਂ ਦਾ ਲਾਭ ਦੇਣ ਲਈ ਅਤੇ ਘਰੇਲੂ ਹਿੰਸਾ, ਕੰਮ ਵਾਲੀ ਥਾਂ ਤੇ ਸੈਕਸੁਅਲ ਹਰਾਸਮੈਂਟ ਅਤੇ ਔਰਤਾਂ ਨਾਲ ਸਬੰਧਤ ਕਾਨੂੰਨਾਂ ਅਤੇ ਵਿਸ਼ਿਆਂ ਤੇ ਜਾਗਰੂਕ ਕੀਤਾ ਗਿਆ।

ਮਾਨਯੋਗ ਕੈਬਨਿਟ ਮੰਤਰੀ,ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ,ਪੰਜਾਬ ਜੀ ਦੀ ਨਾਲ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਸਮੂਹ ਮੈਂਬਰਾਂ ਦੀ ਮਿਤੀ 24.2.16 ਨੂੰ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਮਿਸ. ਪਰਮਜੀਤ ਕੌਰ ਲਾਂਡਰਾ, ਚੇਅਰਪਰਸਨ, ਸ੍ਰੀਮਤੀ ਸਤਵੀਰ ਕੌਰ ਮਨਹੇੜ੍ਹਾ, ਉਪ-ਚੇਅਰਪਰਸਨ, ਸ੍ਰੀਮਤੀ ਵੀਰਪਾਲ ਕੌਰ ਤਰਮਾਲਾ, ਮੈਂਬਰ, ਸ੍ਰੀਮਤੀ ਸਤਵੰਤ ਕੌਰ ਜ਼ੌਹਲ, ਮੈਂਬਰ ਅਤੇ ਸ੍ਰੀਮਤੀ ਸਿਮਰਜੀਤ ਕੌਰ ਸਿੱਧੂ, ਮੈਂਬਰ ਅਤੇ Ex-officio members ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਦੀ ਤਰਫ ਤੋਂ ਡਿਪਟੀ ਡਾਇਰੈਕਟਰ ਸ੍ਰੀ ਜੀ.ਐਸ ਮੌੜ੍ਹ ਅਤੇ ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਜੀ ਦੀ ਤਰਫ ਤੋਂ ਇੰਸਪੈਕਟਰ ਜਨਰਲ ਆਫ ਪੁਲਿਸ ਸ੍ਰੀਮਤੀ ਵਿਭੂ ਰਾਜ,ਆਈ.ਪੀ.ਐਸ ਮੀਟਿੰਗ ਵਿੱਚ ਹਾਜ਼ਰ ਹੋਏ। ਮੀਟਿੰਗ ਵਿੱਚ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਵਰਕਿੰਗ ਸਬੰਧੀ ਵਿਚਾਰ ਹੋਇਆ ਅਤੇ ਔਰਤਾਂ ਨੂੰ ਤੁਰੰਤ ਇਨਸਾਫ ਦੇਣ ਬਾਰੇ ਮਾਨਯੋਗ ਕੈਬਨਿਟ ਮੰਤਰੀ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ,ਪੰਜਾਬ ਜੀ ਵਲੋਂ ਜ਼ੋਰ ਦੇ ਕੇ ਕਿਹਾ ਗਿਆ।

ਨੈਸ਼ਨਲ ਕਮਿਸ਼ਨ ਫਾਰ ਵੁਮੈਨ, ਨਵੀਂ ਦਿੱਲੀ ਵਲੋਂ Tata Institute of Social Science, Mumbai ਨਾਲ ਕੀਤਾ ਗਿਆ MoU ਅਨੁਸਾਰ ਨੋ ਸਟੇਟਾਂ ਵਿੱਚ ਸਪੈਸ਼ਲ ਸੈਲ ਖੋਲਣ ਵਿੱਚ ਪੰਜਾਬ ਰਾਜ ਦਾ ਨਾਮ ਵੀ ਇਨ੍ਹਾਂ ਰਾਜਾਂ ਵਿੱਚ ਸ਼ਾਮਿਲ ਹੋਣ ਕਰਕੇ ਸ੍ਰੀਮਤੀ ਰੇਖਾ ਸ਼ਰਮਾ, ਮੈਂਬਰ, ਨੈਸ਼ਨਲ ਕਮਿਸ਼ਨ ਫਾਰ ਵੁਮੈਨ, ਨਵੀਂ ਦਿੱਲੀ ਦੀ ਪ੍ਰਧਾਨਗੀ ਵਿੱਚ ਪੰਜਾਬ ਰਾਜ ਮਹਿਲਾ ਕਮਿਸ਼ਨ,ਚੰਡੀਗੜ੍ਹ ਵਿਖੇ Tata Institute of Social Science, Mumbai ਦੇ ਅਧਿਕਾਰੀਆਂ ਨਾਲ ਮੀਟਿੰਗ ਹੋਈ, ਇਸ ਮੀਟਿੰਗ ਵਿੱਚ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ,ਪੰਜਾਬ,ਚੰਡੀਗੜ੍ਹ ਜੀ ਦੇ ਤਰਫ ਤੋਂ ਡਿਪਟੀ ਡਾਇਰੈਕਟਰ ਸ੍ਰੀ ਜੀ.ਐਸ.ਮੌੜ੍ਹ ਅਤੇ ਡਾਇਰੈਕਟਰ ਜਨਰਲ

ਸਪੈਸ਼ਲ ਸੈਲ ਸਥਾਪਤ ਕਰਨ ਲਈ ਵਿਚਾਰ ਸਾਂਝੇ ਕੀਤੇ ਗਏ। ਨੈਸ਼ਨਲ ਕਮਿਸ਼ਨ ਫਾਰ ਵੂਮੈਨ, ਨਵੀਂ ਦਿੱਲੀ ਵਲੋਂ "Interstate Coordination on "Anti Human Trafficking of Girls & Women" ਤੇ ਭੁਨੇਸ਼ਵਰਫ(ਉੜੀਸਾ ਰਾਜ), Interactive Meeting with State Commissions for Women ਤੇ ਅਹਿਮਦਾਬਾਦ (ਗੁਜਰਾਤ ਰਾਜ) & National Seminar on Wojmen Entreprenurs-Challenges and solutions with special focus on SMEs and National Consultation on Surrogacy Issues ਤੇ ਵੱਖ-ਵੱਖ ਕਰਵਾਈ ਗਈ ਵਰਕਸ਼ਾਪ/ਕੰਸਲਟੇਸਨ ਵਿੱਚ ਭਾਗ ਲਿਆ ਗਿਆ। ਨੈਸ਼ਨਲ ਕਮਿਸ਼ਨ ਫਾਰ ਵੂਮੈਨ, ਨਵੀਂ ਦਿੱਲੀ ਦੇ ਸਹਿਯੋਗ ਨਾਲ ਸੈਂਟਰਲ ਯੂਨੀਵਰਸਿਟੀ, ਬਠਿੰਡਾ ਵਲੋਂ ਕਰਵਾਏ ਗਏ ਸੈਮੀਨਾਰ
ਵਿੱਚ ਭਾਗ ਲੈ ਕੇ ਹਾਜ਼ਰ ਵਿਅਕਤੀਆਂ ਨੂੰ ਔਰਤਾਂ ਦੇ ਕਾਨੂੰਨਾਂ ਅਤੇ ਹੋਰ ਜਾਣਕਾਰੀ ਦਿੱਤੀ ਗਈ।

ਪੰਜਾਬ ਰਾਜ ਮਹਿਲਾ ਕਮਿਸ਼ਨ ਵਲੋਂ ਅਗਲੇ ਸਾਲ 2016-17 ਵਿੱਚ ਕੰਮ ਉਲੀਕਿਆ ਗਿਆ ਹੈ ਕਿ ਔਰਤਾਂ ਨੂੰ ਇਨਸਾਫ ਦੇਣ ਬਾਰੇ ਪੰਜਾਬ ਰਾਜ ਦੇ ਵੱਖ-ਵੱਖ ਥਾਵਾਂ ਤੇ ਕੈਂਪ, ਵਰਕਿੰਗ ਪਲੇਸ ਤੇ ਸੈਕਸੂਅਲ ਹਰਾਸਮੈਂਟ ਸਬੰਧੀ ਵਿਭਾਗੀ ਬਣਾਈਆਂ ਗਈਆਂ ਕਮੇਟੀਆਂ ਨਾਲ ਮੀਟਿੰਗ, ਪੰਜਾਬ ਰਾਜ ਦੇ ਵੂਮੈਨ ਸੈਲਾਂ ਨਾਲ ਮੀਟਿੰਗ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਨਾਲ ਔਰਤਾਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਮੀਟਿੰਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ,ਪੰਜਾਬ ਨਾਲ ਪੇਂਡੂ ਇਲਾਕਿਆਂ ਦੀਆਂ ਔਰਤਾਂ ਨੂੰ ਜਾਗਰੂਕ ਕਰਨ ਬਾਰੇ ਮੀਟਿੰਗ ਅਤੇ ਦੂੱਜੇ ਰਾਜਾਂ ਦੇ ਸਟੇਟ ਕਮਿਸ਼ਨਾਂ ਨਾਲ ਔਰਤਾਂ ਦੀਆਂ ਔਕੜਾਂ ਬਾਰੇ ਬਣਾਏ ਜਾ ਰਹੇ ਕਾਨੂੰਨਾਂ ਤਹਿਤ ਵਿਚਾਰ ਸਾਂਝੇ ਕਰਨ ਸਬੰਧੀ ਮੀਟਿੰਗ ਅਤੇ ਇਨ੍ਹਾਂ ਤੋਂ ਇਲਾਵਾ ਜੇਲ੍ਹਾਂ, ਫੈਕਟਰੀਆਂ ਆਦਿ ਵਿੱਚ ਔਰਤਾਂ ਦੀਆਂ ਸਮਸਿਆਵਾਂ ਬਾਰੇ ਸਬੰਧਤ ਵਿਭਾਗ ਨਾਲ ਮੀਟਿੰਗਾਂ ਕਰਨ ਆਦਿ ਦਾ ਕੰਮ ਉਲੀਕਿਆ ਗਿਆ ਹੈ।

ਪੰਜਾਬ ਰਾਜ ਮਹਿਲਾ ਕਮਿਸ਼ਨ ਔਰਤਾਂ ਲਈ "ਪੰਜਾਬ ਰਾਜ ਕਮਿਸ਼ਨ ਐਕਟ-2001" ਤਹਿਤ ਕੰਮ ਕਰਨ ਲਈ ਵਚਨਬੱਧ ਹੈ। ਕਮਿਸ਼ਨ ਇਨ੍ਹਾਂ ਕੰਮਾਂ ਨੂੰ ਸੁਚਾਰੂ ਢੰਗ ਨਾਲ ਅਤੇ ਤੇਜੀ ਨਾਲ ਕਰਨਾ ਚਾਹੁੰਦਾ ਹੈ ਪਰ ਕਮਿਸ਼ਨ ਪਾਸ ਔਰਤਾਂ ਨੂੰ ਜਾਗਰੂਕ ਕਰਨ ਲਈ ਸੈਮੀਨਾਰ/ ਟ੍ਰੇਨਿੰਗ ਆਦਿ ਕਰਵਾਉਣ ਲਈ ਕੋਈ ਬਜਟ ਉਪਬੰਧ ਨਹੀਂ ਹੈ, ਜਿਸ ਕਰਕੇ ਕਮਿਸ਼ਨ ਨੂੰ ਕਈ ਕੰਮਕਾਰ ਕਰਨ ਵਿੱਚ ਔਕੜਾਂ ਪੇਸ਼ ਆਉਂਦੀਆਂ ਹਨ। ਕਮਿਸ਼ਨ ਵੱਲੋਂ ਸਮੇਂ-ਸਮੇਂ ਤੇ ਮੰਗਿਆ ਜਾਂਦਾ ਰੈਗੂਲਰ/ ਆਊਟ ਸੋਰਸ ਦੀਆਂ ਅਸਾਮੀਆਂ, ਬਜਟ ਅਤੇ ਹੋਰ ਦਫਤਰੀ ਸਾਜੋ- ਸਮਾਨ ਜੋ ਲੋੜੀਂਦਾ ਹੈ, ਮਿਲਣ ਨਾਲ ਕਮਿਸ਼ਨ ਹੋਰ ਜਿਆਦਾਂ ਅੱਧੇ ਢੰਗ ਨਾਲ ਕੰਮ ਕਰ ਸਕਦਾ ਹੈ ਪਰ ਫਿਰ ਵੀ ਕਮਿਸ਼ਨ ਜਿਲ੍ਹਾ ਪ੍ਰਸ਼ਾਸ਼ਨ/ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਕੰਮ ਕਰ ਰਿਹਾ ਹੈ।

ਚੇਅਰਪਰਸਨ
ਪੰਜਾਬ ਰਾਜ ਮਹਿਲਾ ਕਮਿਸ਼ਨ, ਚੰਡੀਗੜ੍ਹ